# ਕੈਨੇਡਾ ਦਰਪਣ

ਨਵੰਬਰ 5, 1982

**November 5, 1982**

ਸੰਪਾਦਕ: ਦਰਸ਼ਨ ਗਿੱਲ

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਕੈਨੇਡਾ ਦਰਪਣ ਦਾ ਇਹ ਅੰਕ ਚਰਨਜੀਤ ਕੌਰ ਗਿੱਲ ਤੋਂ ਪ੍ਰਾਪਤ ਹੋਇਆ।

ਪੰਜਾਬੀ ਪੰਦਰਾ-ਰੋਜ਼ਾ ਅਖ਼ਬਾਰ

SPECIMEN COPY
Please Subscribe Now.

# ਕੈਨੇਡਾ ਦਰਪਣ

ADDRESS:
P.O. BOX 67344 STN. 'O'
VANCOUVER, B.C. V5W 3T1
CANADA

Publisher: ASIA BOOK COMPANY
LTD. (Regd.)
VOL. 1, NO. 1 — FRIDAY, NOVEMBER 5, 1982
PHONE: 324-6111

THE CANADA DARPAN
PUNJABI BI-WEEKLY

Hon.Editor DARSHAN GILL
Ph. (604) 321-6360



# FRONTIER CLOTH HOUSE

6695 Main St. at 51st. Ave. Vancouver, B.C.

Tel.: 325-4424 THE KING OF SAREE Tel.: 325-3515

## ਸਮੂੰਹ ਸੰਗਤਾਂ ਨੂੰ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਅਵਤਾਰ ਦ ਦੀ ਲੱਖ ਲੱਖ ਵਧਾਈ

ਦੀਵਾਰ ਤੇ ਸਜਾਉਣ ਲਈ ਬਹੁਤ ਹੀ ਸੁੰਦਰ
ਫੋਟੋ ਵਾਲਾ

## ਗਲੀਚਾ

ਜਿਸ ਵਿੱਚ ਇੱਕ ਪਾਸੇ ਗੁਰੂ ਨਾਨਕ ਦੇਵ ਜੀ ਦੀ ਫੋਟੋ ਅਤੇ ਦੂਸਰੇ ਪਾਸੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਫੋਟੋ ਅਤੇ ਵਿਚਕਾਰ ਹਰਮੰਦਰ ਸਾਹਿਬ ਅੰਮ੍ਰਿਤਸਰ ਦੀ ਫੋਟੋ ਹੈ। ਇਹ ਗਲੀਚਾ ਘਰ ਦੀ ਸ਼ਾਨ ਹੈ।

# ਕੀਮਤ ਸਿਰਫ 49 ਡਾਲਰ

# ਫਰੰਟੀਅਰ ਕਲਾਥ ਹਾਊਸ

**King of Saree** FRONTIER SAREES **King of Drapery**

# FRONTIER CLOTH HOUSE

6695 Main St. at 51st. Ave. Vancouver, B.C.

Tel.: 325-4424 THE KING OF SAREE Tel.: 325-3515

# ਈਸਟ ਇੰਡੀਅਨ ਵਰਕਰਜ਼ ਐਸੋਸੀਏਸ਼ਨ

ਵੈਨਕੂਵਰ: ਮਿਤੀ 24 ਅਕਤੂਬਰ, 1982 ਨੂੰ ਡੇਵਿਡ ਥਾਮਸਨ ਹਾਇਰ ਸਕੈਂਡਰੀ ਸਕੂਲ ਵਿੱਚ ਇੱਕ ਭਾਰੀ ਪਬਲਿਕ ਜਲਸਾ ਈਸਟ ਇੰਡੀਅਨ ਵਰਕਰਜ਼ ਐਸੋਸੀਏਸ਼ਨ ਵਲੋਂ ਕੀਤਾ ਗਿਆ। ਇਸ ਵਿੱਚ ਮੁੱਖ ਵਿਚਾਰੇ ਗਏ ਮਸਲੇ ਸਨ, ਵੈਨਕੂਵਰ ਦੀਆਂ ਮਿਊਂਸਪਲ ਚੋਣਾਂ, ਸੰਸਾਰ ਅਮਨ, ਨਸਲਵਾਦ ਤੇ ਬੁਲਾਰੇ ਸਨ ਭਾਰਤ ਦੀ ਰਾਜ ਸਭਾ ਦੇ ਮੈਂਬਰ ਕਾਮਰੇਡ ਹਰਕਿਸ਼ਨ ਸਿੰਘ ਸੁਰਜੀਤ, ਆਲਡਰਮੈਨ ਹੈਰੀ ਰਿੰਕਨ, ਕਾਰਮੀਲੋ ਅਲਬਰਟੋ ਬੀ.ਸੀ. ਅਮਨ ਕੌਂਸਲ ਤੇ ਜਸਜੀਤ ਸੰਧੂ, ਉਮੀਦਵਾਰ ਸਕੂਲ ਬੋਰਡ ਵੈਨਕੂਵਰ। ਮਹਿੰਦਰ ਸੂਮਲ ਨੇ ਸਟੇਜ ਸਕੱਤਰ ਦਾ ਕੰਮ ਸੰਭਾਲਿਆ ਹੋਇਆ ਸੀ।

ਸਭ ਤੋਂ ਪਹਿਲਾਂ ਅਮਰਜੀਤ ਸੂਫੀ ਐਡੀਟਰ ਲੋਕਤਾ ਤੇ ਜਨਰਲ ਸਕੱਤਰ E.I.W.A. ਨੇ ਸਾਰੇ ਸ੍ਰੋਤਿਆਂ ਤੇ ਮਹਿਮਾਨ-ਬੁਲਾਰਿਆਂ ਨੂੰ ਜੀਅ ਆਇਆ ਕਿਹਾ।

ਹੈਰੀ ਰਿੰਕਨ ਨੇ ਕੋਪ (COPE) ਦੇ ਉਮੀਦਵਾਰਾਂ ਨੂੰ ਵੋਟ ਪਾਉਣ ਲਈ ਕਹਿੰਦਿਆਂ ਇਹ ਵਿਸ਼ਵਾਸ਼ ਦੁਆਇਆ ਕਿ ਉਹ ਤੇ ਕੋਪ ਦੀ ਸਲੇਟ ਦੇ ਹੋਰ ਮੈਂਬਰ ਸਦਾ ਘੱਟ-ਗਿਣਤੀਆਂ ਦੀ ਮਦਦ ਕਰਦੇ ਰਹੇ ਹਨ ਤੇ ਕਰਦੇ ਰਹਿਣਗੇ। ਚਾਹੇ ਸਵਾਲ ਨਸਲਵਾਦ ਦਾ ਹੋਵੇ, ਜਾਂ ਜਮਹੂਰੀ ਹਕੂਕਾਂ ਦਾ ਉਹ ਹਮੇਸ਼ਾਂ ਅਮਰਗਾਮੀ ਰੁੱਚੀਆਂ ਦੇ ਧਾਰਨੀ ਰਹਿਣਗੇ।

ਜਸਜੀਤ ਸੰਧੂ, ਜੋ ਸਕੂਲ ਬੋਰਡ ਲਈ ਉਮੀਦਵਾਰ ਹਨ, ਨੇ ਕਿਹਾ ਕਿ ਕੈਨੇਡਾ ਨੂੰ ਅਸੀਂ ਹਿੰਦੁਸਤਾਨੀਆਂ ਨੇ ਬਾਕੀ ਲੋਕਾਂ ਵਾਂਗ ਆਪਣੀ ਮਰਜ਼ੀ ਨਾਲ ਰਹਿਣ ਲਈ ਚੁਣਿਆ ਹੈ। ਕੈਨੇਡੀਅਨ ਵਿਦਿਅਕ ਢਾਂਚੇ ਵਿੱਚ ਸਾਡੇ ਆਉਣ ਵਾਲੀ ਪੀੜ੍ਹੀ ਦੀ ਨੁਹਾਰ ਘੜੀ ਜਾਣੀ ਹੈ, ਇਸ ਲਈ ਸਾਨੂੰ ਵਿਦਿਅਕ ਤੇ ਮਿਊਂਸਪਲ ਮਸਲਿਆਂ ਵਿੱਚ ਆਪਣਾ ਯੋਗਦਾਨ ਪਾਉਣਾ ਚਾਹੀਦਾ ਹੈ। ਕੈਨੇਡਾ ਵਿੱਚ ਰਹਿੰਦਿਆਂ ਅਸੀਂ ਕੈਨੇਡੀਅਨ ਮਸਲਿਆਂ ਤੋਂ ਅਣਭਿੱਜ ਰਹਿਕੇ ਨਹੀਂ ਜੀ ਸਕਦੇ। ਉਨ੍ਹਾਂ ਸਭ ਨੂੰ ਬੇਨਤੀ ਕੀਤੀ ਕਿ ਆਉਂਦੀਆਂ ਮਿਊਂਸੀਪਲ ਚੋਣਾਂ ਵਿੱਚ ਸਭ ਭਾਰਤੀ ਕੈਨੇਡੀਅਨਾਂ ਨੂੰ ਕੋਪ (COPE) ਦੇ ਉਮੀਦਵਾਰਾਂ ਦੀ ਮਦਦ ਕਰਨੀ ਚਾਹੀਦੀ ਹੈ ਤਾਂ ਕਿ ਅਸੀਂ ਆਪਣੇ ਮਸਲੇ ਉੱਚ-ਅਧਿਕਾਰੀਆਂ ਤੱਕ ਪਹੁੰਚਾ ਸਕੀਏ।

ਬੀ.ਸੀ. ਪੀਸ ਕੌਂਸਲ ਦੀ ਕਾਰਮੀਲੋ ਅਲਬਰਟੋ ਨੇ ਕਿਹਾ ਕਿ ਸੰਸਾਰ ਅਮਨ ਦਾ ਮਸਲਾ ਮਨੁੱਖੀ ਜਾਤੀ ਅਹਿਮ ਸਵਾਲ ਹੈ। ਇਸ ਲਈ ਮਾਰੂ ਹਥਿਆਰਾਂ ਵਿਰੁਧ ਜਹਾਦ ਕਰਨਾ ਹਰ ਮਨੁੱਖ ਦਾ ਫਰਜ਼ ਹੈ। ਉਨ੍ਹਾਂ ਕਿਹਾ ਕਿ 20 ਨਵੰਬਰ ਦੀ ਚੋਣ ਸਮੇਂ ਡਿਸਆਰਮਾਮੈਂਟ ਰੇਫਰੈਂਡਮ ਸਮੇਂ ਮਾਰੂ ਹਥਿਆਰਾਂ ਵਿਰੁਧ ਆਵਾਜ਼ ਬੁਲੰਦ ਕਰੋ। ਵੈਨਕੂਵਰ ਵਿੱਚ ਵਾਰਡ ਸਿਸਟਮ ਦੇ ਹੱਕ ਵਿੱਚ ਵੋਟਾਂ ਪਾਓ। ਇਸ ਨਾਲ ਹਰ ਕਮਿਊਨਟੀ ਨੂੰ ਪ੍ਰਤੀਨਿਧਤਾ ਮਿਲੇਗੀ।

ਜਲਸੇ ਵਿੱਚ ਕੋਪ ਦੇ ਹੋਰ ਉਮੀਦਵਾਰ ਵੀ ਸ਼ਾਮਲ ਸਨ ਜਿਵੇਂ ਯਰੂਸ ਐਰਿਕਸਨ, ਬਰੂਸ ਯੋਰਕ, ਲਿਬੀ ਡੇਵਿਸ, ਸੋਲ ਜੈਕਸਨ ਤੇ ਡੈਲਸੀਆ ਕਰੰਪ।

ਅਮਰਜੀਤ ਸੂਫੀ ਨੇ ਆਪਣੇ ਭਾਸ਼ਨ ਵਿੱਚ ਵਾਰਡ ਸਿਸਟਮ ਦੇ ਫਾਇਦੇ, ਤਬਾਹ ਕੁਨ ਹਥਿਆਰਾਂ ਦਾ ਖਾਤਮਾ ਤੇ ਵੈਸਟ ਵੈਨ ਦੇ ਮਿਊਂਸਪਲ ਸਿਸਟਮ ਤੇ ਕਬਜ਼ੇ ਵਿਰੁਧ ਆਪਣੇ ਵਿਚਾਰ ਰੱਖੇ।

ਅੰਤ ਵਿੱਚ ਕਾਮਰੇਡ ਸੁਰਜੀਤ ਨੇ ਆਪਣੇ ਡੇਢ ਘੰਟਾ ਲੰਮੇ ਭਾਸ਼ਨ ਵਿੱਚ ਸ੍ਰੋਤਿਆਂ ਨੂੰ ਭਾਰਤ ਸਬੰਧੀ ਰਾਜਨੀਤਕ ਤੇ ਸਮਾਜਕ ਜਾਣਕਾਰੀ ਦਿੰਦਿਆਂ ਕਿਹਾ ਕਿ ਅਕਾਲੀ ਲਹਿਰ ਦਾ ਵਿਰਸਾ ਸਭ ਧਰਮਾਂ ਦੀ ਏਕਤਾ ਦਾ ਵਿਰਸਾ ਹੈ। ਜਿਸਨੂੰ ਅਤਿਵਾਦੀ ਤਬਾਹ ਕਰਨ ਤੇ ਤੁਲੇ ਹੋਏ ਹਨ। ਅਕਾਲੀ ਲਹਿਰਾਂ ਦਾ ਇਤਿਹਾਸ ਅਸਲ ਵਿੱਚ ਅਜ਼ਾਦੀ ਲਹਿਰ ਦਾ ਇਤਿਹਾਸ ਹੈ।

ਜਲਸੇ ਦੀ ਕਾਰਵਾਈ ਸਮੇਂ ਐਡਮੈਂਟਨ ਤੋਂ ਆਏ ਦੋ ਗੀਤਕਾਰਾਂ ਜੋਗਿੰਦਰ ਰੰਧਾਵਾ ਤੇ ਰੁਪਿੰਦਰ ਸਿੰਘ ਨੇ ਦੋ ਖੂਬਸੂਰਤ ਗੀਤ ਗਾਏ। ਤੇ ਅੰਤ ਸਮੇਂ ਪੰਜਾਬੀ ਸਿੰਗਰ ਪਾਰਟੀ ਵਲੋਂ ਗੀਤ ਸੰਗੀਤ ਅਤੇ ਭੰਗੜਾ ਪਾਰਟੀ ਵਲੋਂ ਭੰਗੜਾ ਪੇਸ਼ ਕੀਤਾ ਗਿਆ।

ਬਾਰਸ਼ ਦੇ ਬਾਵਜੂਦ ਵੀ ਜਲਸੇ ਦੀ ਹਾਜ਼ਰੀ ਇਸ ਗੱਲ ਦੀ ਹਾਮੀ ਭਰਦੀ ਸੀ ਕਿ ਵੈਨਕੂਵਰ ਵਾਸੀਆਂ ਦੀ ਮਿਊਂਸੀਪਲ ਚੋਣਾਂ ਵਿੱਚ ਗਹਿਰੀ ਦਿਲਚਸਪੀ ਹੈ।

ਬਾਰਸ਼ ਦੇ ਬਾਵਜੂਦ ਵੀ ਜਲਸੇ ਦੀ ਹਾਜ਼ਰੀ ਇਸ ਗੱਲ ਦੀ ਹਾਮੀ ਭਰਦੀ ਸੀ ਕਿ ਵੈਨਕੂਵਰ ਵਾਸੀਆਂ ਦੀ ਮਿਊਂਸੀਪਲ ਚੋਣਾਂ ਵਿੱਚ ਗਹਿਰੀ ਦਿਲਚਸਪੀ ਹੈ।



# ਕੈਨੇਡਾ ਵਿੱਚੋਂ ਗਿਆ ਜਥਾ ਅੰਮ੍ਰਿਤਸਰ ਪੁੱਜ ਗਿਆ, ਹੋਰ ਜਥਿਆਂ ਦੀ ਲੋੜ ਨਹੀਂ, ਮਾਇਆ ਭੇਜੋ

ਸੰਤ ਲੌਂਗੋਵਾਲ ਵਲੋਂ ਮੋਰਚਾ ਐਕਸ਼ਨ ਕਮੇਟੀ ਕੈਨੇਡਾ ਤੇ ਹੋਰ ਕੁਝ ਸਿੱਖ ਸੰਸਥਾਵਾਂ ਨੂੰ ਤਾਰ ਮਿਲੀ ਹੈ ਕਿ ਸਰੀ ਗੁਰਦੁਆਰਾ ਵਲੋਂ ਭੇਜਿਆ ਜਥਾ ਅੰਮ੍ਰਿਤਸਰ ਪੁੱਜ ਗਿਆ ਹੈ। ਉਨ੍ਹਾਂ ਤਾਰ ਵਿੱਚ ਕਿਹਾ ਹੈ ਕਿ ਹੋਰ ਜਥੇ ਭੇਜਣ ਦੀ ਕੋਈ ਲੋੜ ਨਹੀਂ। ਮੋਰਚੇ ਦੀ ਸਹਾਇਤਾ ਲਈ ਮਾਇਆ ਦੀ ਬੜੀ ਲੋੜ ਹੈ। ਇਸ ਲਈ ਕੈਨੇਡਾ ਦੀਆਂ ਸੰਗਤਾਂ ਮਾਇਆ ਦੇ ਗੱਫੇ ਭੇਜਣ ਦੀ ਕ੍ਰਿਪਾਲਤਾ ਕਰਨ।

OPPURTUNITY!

If you know Punjabi typing

contact at 324-6111.

Full time or Part time.

## CANADIAN FARMWORKERS UNION (CLC)

NATIONAL OFFICE: 4730 IMPERIAL STREET, BURNABY, B.C. V5J 1C2

(604) 430-6055

"At 3:00 a.m. on October 30th, a 19 year old farmworker, Jarnail Singh Deol, lost his struggle against pesticide poisoning," said Raj Chouhan, President of the Canadian Farmworkers Union (C.F.U.) today. "His death might have been prevented."

Mr. Deol was hospitalized on two occasions and diagnosed as suffering from acute overexposure to pesticides. A totol of six people had been hospitalized from the same farm, and investigations have yet to reach a conclusion. There are no authorities currently responsible for the regulation of pesticide use on private land.

"Jarnail's death is no mere accident of fate. His death stands as a monument to government inaction. It is a statue to "further study", an icon to "the proper time", said Chouhan. "To those who demand patience, to those who are tired of our voices shouting for equality, we say: no more deaths! No more watching our young people die, our children being poisoned. Our children are as precious as yours, our young people are our future."

"With the new jurisdiction of the Workers' Compensation Board (WCB) over agriculture, the tool is in place to save our lives. To refuse to put that tool to use, is to take responsibility for future tragedies," he said.

"Sukhdeep Madhar died in 1980 in a farmworkers' cabin because of government inaction and they still refuse to act. Now Jarnail Deol has lost his life, and we will not wait with our last breath hoping that the proper thing will be done. We ask the working people of B.C., those who are incensed over the needless loss of life to join with us in demanding action from the WCB immediately. We only demand the protections that all other workers in this province enjoy. Farmworkers are workers too!"

For further information: Raj Chouhan
Judy Cavanaugh 430-6055

**COPE SUPPORT**

The COPE School Board



**Jasjit SANDHU**

A new Canadian with a son attending high school in Vancouver, Jasjit is concerned with the future of "English as a second language" programs and with the need for harmonious race relations in city schools. Jasjit is a steelworker and has been active in community and union affairs.

## ਈਸਟ ਇੰਡੀਅਨ ਡੀਫੈਂਸ ਕਮੇਟੀ ਵਲੋਂ ਮੁਜ਼ਾਹਰਾ

ਵੈਨਕੂਵਰ: 24 ਅਕਤੂਬਰ ਨੂੰ ਡੇਵਿਡ ਥਾਮਸਨ ਹਾਇਰ ਸਕੈਂਡਰੀ ਸਕੂਲ ਦੇ ਬਾਹਰ ਈਸਟ ਇੰਡੀਅਨ ਡੀਫੈਂਸ ਕਮੇਟੀ ਵਲੋਂ ਮੁਜ਼ਾਹਰਾ ਕੀਤਾ ਗਿਆ। ਮੈਂਬਰਾਂ ਵਲੋਂ ਬੈਨਰਾਂ ਤੇ ਸਾਮਰਾਜ ਵਿਰੋਧੀ ਤੇ ਸੁਰਜੀਤ ਹੋਰਾਂ ਦੀ 'ਸੋਧਵਾਦੀ' ਨੀਤੀ ਵਿਰੋਧੀ ਨਾਅਰੇ ਲਿਖੇ ਹੋਏ ਸਨ। ਮੁਜ਼ਾਹਰੀਨਾਂ ਨੇ ਸੀ.ਪੀ.ਐਮ. ਦੀ ਗਿਆਰਵੀਂ ਕਾਂਗਰਸ ਸਮੇਂ 'ਪੀਪਲਜ਼ ਵਾਇਸ' ਵਿੱਚ ਛਪਿਆਂ ਲੇਖ ਵੀ ਲੋਕਾਂ ਵਿੱਚ ਵੰਡਿਆ।

# ਮਾਨ ਮਿਊਜ਼ਿਕ ਐਂਡ ਵੀਡੀਓਜ਼

## ਅਤੇ ਮਾਨ ਫੋਟੋ ਸਟੂਡੀਓ

**"YOU NAME IT WE HAVE IT"**



ਹੋਰ ਜਾਣਕਾਰੀ ਲਈ ਗੁਰਪਾਲ ਮਾਨ ਨੂੰ ਫੋਨ ਕਰੋ
ਜਾਂ ਖੁਦ ਆਕੇ ਮਿਲੋ

**(604) 321-6667**

**6412 MAIN STREET, at 49TH AVENUE**
**VANCOUVER, B.C. V5X 1A5**

ਸ਼ਬਦ, ਧਰਮਿਕ ਗੀਤ, ਲੋਕ ਗੀਤ, ਪੰਜਾਬੀ ਤੇ ਹਿੰਦੀ ਫਿਲਮੀ ਗੀਤ, ਡਿਸਕੋ ਗੀਤ, ਭਜਨ, ਕਵਾਲੀਆਂ ਦੀਆਂ ਵਧੀਆ ਕੁਆਲਟੀ ਦੀਆਂ ਟੇਪਾਂ ਜਾਂ ਆਪਣੀ ਮਰਜ਼ੀ ਦੇ ਗਾਣਿਆਂ ਦੀਆਂ ਟੇਪਾਂ ਭਰਵਾਉਣ ਲਈ (ਵਧੀਆ ਕੁਆਲਟੀ ਦੀਆਂ)ਮਾਨ ਮਿਊਜ਼ਿਕ ਤੇ ਦਰਸ਼ਨ ਦਿਓ

ਇੰਡੀਆ ਦੀ ਬਿਜਲੀ ਤੇ ਚਲਣ ਵਾਲੇ ਰੇਡੀਓ, ਟੇਪ ਰਿਕਾਰਡ, ਕਪੜੇ ਪ੍ਰੈਸ ਕਰਨ ਵਾਲੀ ਇਸਤ੍ਰੀ, ਹੇਅਰ ਡ੍ਰਾਿਰਜ਼, ਕਨੇਡਾ ਵਾਲੀ ਬਿਜਲੀ ਨੂੰ ਇੰਡੀਆ ਵਾਲੀ ਬਿਜਲੀ ਵਿੱਚ ਤਬਦੀਲ ਕਰਨ ਵਾਲੇ ਅਡਹਪਟਰਜ਼, 8-ਟ੍ਰੈਕ ਦੇ ਵਿੱਚ ਕਸੈਟ ਖਲਾਣ ਵਾਲੇ ਅਡਾਪਟਰਜ਼, ਕਾਰਾਂ 'ਚ ਲਾਉਣ ਲਈ ਟੇਪਾਂ, ਟੀ.ਵੀ. ਕਨਵਰਟ੍ਰਜ਼, ਬਾਬਿਆਂ ਦੀਆਂ ਫੋਟੋ ਆਦਿ ਲਈ....

ਮਾਨ ਮਿਊਜ਼ਿਕ ਐਂਡ ਵੀਡੀਓਜ਼
ਤੇ ਇੱਕ ਗੇੜਾ ਜ਼ਰੂਰ ਮਾਰੋ।



ਇੰਡੀਆ ਦੀ ਬਿਜਲੀ ਤੇ ਚਲਣ ਵਾਲਾ 3 ਬੈਂਡ ਦਾ
ਰੇਡੀਓ ਤੇ ਟੇਪ 99
ਸਿਰਫ **$68** ਦਾ

ਪਾਸ ਪੋਰਟ ਫੋਟੋ ਪੰਜ ਮਿੰਟ 'ਚ ਖਿਚਵਾਓ
**FAMILY, GROUP,**
ਜਾਂ ਵਿਆਹ ਤੇ ਫੋਟੋ ਖਿਚਵਾਉਣ ਲਈ
**PORTRAIT**

ਗੁਰਪਾਲ ਮਾਨ
ਨੂੰ
ਫੋਨ ਕਰੋ

**321-6667**

ਪੰਜਾਬੀ ਤੇ ਹਿੰਦੀ ਵੀਡੀਓ ਫਿਲਮਾਂ ਬਿਲਕੁਲ
Clear Prints ਵਿੱਚ ਖ੍ਰੀਦੋ।
ਤੁਸੀਂ ਫਿਲਮਾਂ ਡਾਕ ਰਾਹੀਂ ਵੀ ਮੰਗਵਾ ਸਕਦੇ ਹੋ
ਪੰਜਾਬੀ ਫਿਲਮਾਂ ਵਿੱਚ:

ਨਾਨਕ ਨਾਮ ਜਹਾਜ਼ ਹੈ, ਨਾਨਕ ਦੁਖੀਆ ਸਭ ਸੰਸਾਰ, ਦੁੱਖ ਭੰਜਨ ਤੇਰਾ ਨਾਮ.... ਬਹੁਤ ਹੀ ਸਾਫ ਪ੍ਰਿੰਟ 'ਚ ਸਾਥੋਂ ਖ੍ਰੀਦੋ।

ਪਾਕਿਸਤਾਨੀ ਪੰਜਾਬੀ ਫਿਲਮਾਂ 'ਚ

ਮੌਲਾ ਜੱਟ, ਬਾਈਕਾਟ, ਯਾਰੀ ਦੋਸਤੀ, ਸੌਹਰਾ ਤੇ ਜਵਾਈ, ਸੋਹਣੇ ਫੁੱਲ ਪਿਆਰ ਦੇ, ਬਲਵੰਤ ਕੌਰ, ਸ਼ੌਂਕਣ ਮੇਲੇ ਦੀ, ਪਾਟੇ ਖਾਂ, ਖਾਨ ਚਾਚਾ, ਹਥਿਆਰ, ਅੱਜ ਦੀਆਂ ਕੁੜੀਆਂ, ਮਲੰਗੀ ਤੇ ਹੋਰ ਕਈ .....

ਬਹੁਤ ਜਲਦ ਆ ਰਹੀਆਂ ਹਨ:
ਹੀਰ ਰਾਂਝਾ, ਸੱਸੀ ਪੁੰਨੂੰ - ਪੰਜਾਬੀ
— ਸੈਦਾਂ ਜੋਗਣ

(RADIO PROGRAMME)

### ਹਰਮਨ ਪਿਆਰੇ

ਸੰਗੀਤ ਸੰਸਾਰ ਰੇਡੀਓ ਪ੍ਰੋਗਰਾਮ ਵਿੱਚ ਫਰਮਾਈਸ਼ੀ ਗੀਤ ਸੁਨਣ ਲਈ
ਜਾਂ ਕੋਈ ਸੂਚਨਾਂ ਜਾਂ ਐਡ ਦੇ ਲਈ ਪਤਾ ਹੈ
**SANGEET SANSAR**
**6512 MAIN ST., VANCOUVER, B.C. V5X 1A5**

ਪ੍ਰੋਗਰਾਮ ਹੇਠ ਲਿਖੇ ਮੀਟਰਾਂ ਤੇ ਆਉਂਦਾ ਹੈ
**RADIO C.J.V.B. 1470 A.M. DIAL** ਵੈਨਕੂਵਰ ਤੋਂ
ਹਰ ਮੰਗਲਵਾਰ ਨੂੰ: ਸ਼ਾਮ 7.30 ਤੋਂ 8.30 ਤੱਕ
ਤੇ ਸਨਿਚਰਵਾਰ ਨੂੰ: ਸ਼ਾਮ 7.05 ਤੋਂ 8.00 ਤੱਕ
**RADIO C.J.J.C. 800 AM** ਲੈਂਗਲੀ ਤੋਂ
ਹਰ ਐਤਵਾਰ ਦੋ ਵਾਰੀ
12.25 ਤੋਂ ਦੁਪਿਹਰ 1.00 ਤਾਈਂ ਅਤੇ ਸ਼ਾਮ 8.05 ਤੋਂ 9.00 ਤੱਕ
ਹਰ ਐਤਵਾਰ ਨੂੰ ਇਹ ਪ੍ਰੋਗਰਾਮ 'ਪੰਜਾਬੀ ਮ੍ਰਾਕਿਟ' ਚੋਂ ਪੇਸ਼ ਕੀਤਾ ਜਾਂਦਾ ਹੈ

**6512 ਮੇਨ ਸਟ੍ਰੀਟ (49 ਐਵੀ.)**
**ਵੈਨਕੂਵਰ, ਬੀ.ਸੀ.**

ਜਿਸ ਨੂੰ ਕਿ ਮੌਜੂਦਾ 'ਪੰਜਾਬੀ ਮਾਰਕਿਟ' ਕਿਹਾ ਜਾਂਦਾ ਹੈ, ਵਿੱਚ ਹੈ

SUBSCRIBE TO CANADA DARPEN

ਆਪਣੀਆਂ ਰਚਨਾਵਾਂ, ਸਾਲਾਨਾ ਚੰਦਾ ਤੇ ਇਸਤਿਹਾਰ ਇਸ ਪਤੇ ਤੇ ਭੇਜੋ

## ਕੈਨੇਡਾ ਦਰਪਣ

**P.O. BOX 67344, STATION 'O'**
**VANCOUVER. B.C. V5W 3T9**

PHONE:- BUS. (604) 324-6111
PHONE:- RES. (604) 321-6360

ਸਾਲਾਨਾ ਚੰਦਾ: 15 ਡਾਲਰ

# BAINS TRAVEL

ਅਸੀਂ ਤੁਹਾਡੀ 30 ਸਾਲਾਂ
ਤੋਂ ਸੇਵਾ ਕਰ ਰਹੇ ਹਾਂ

**AIR CANADA, AIR INDIA**
**BRITISH AIRWAYS, C.P. AIR, JAPAN AIR LINES**
**KUWAIT AIRWAYS, THAI AIRWAYS INTERNATIONAL**
**AND ALMOST ALL AIRLINES**

**BAINS INTERNATIONAL TRAVEL SERVICE**

**6364 FRASER ST. VANOCUVER, B.C.**
**TEL. 324-2277 & 324-1919**
**NORTH VANCOUVER** **VICTORIA, B.C.**

ਵਿਸ਼ੇਸ਼ ਮੁਲਾਕਾਤ —

# ਕਾਮਰੇਡ ਹਰਕਿਸ਼ਨ ਸਿੰਘ ਸੁਰਜੀਤ



(22 ਅਕਤੂਬਰ 1982 ਨੂੰ ਕੈਨੇਡਾ ਦਰਪਣ ਦੇ ਸੰਪਾਦਕ ਦਰਸ਼ਨ ਗਿੱਲ ਤੇ ਕਮਿਊਨਿਸਟ ਪਾਰਟੀ ਆ ਇੰਡੀਆ(ਮਾਰਕਿਸਟ) ਦੇ ਉੱਘੇ ਲੀਡਰ, ਪੋਲਟ ਬਿਓਰੋ ਦੇ ਮੈਂਬਰ ਤੇ ਰਾਜ ਸਭਾ ਵਿੱਚ ਪੰਜਾਬ ਸੀ,ਪੀ. ਐਮ. ਦੇ ਪ੍ਰਤੀਨਿਧ ਕਾਮਰੇਡ ਸੁਰਜੀਤ ਨਾਲ ਮੁਲਾਕਾਤ ਤੇ ਅਧਾਰਤ)

ਸੰਪਾਦਕ:— ਕਾਮਰੇਡ ਜੀ, ਅਸੀਂ ਭਾਰਤੀ ਕੈਨੇਡੀਅਨ ਤੁਹਾਡੇ ਕੈਨੇਡਾ ਆਉਣ ਤੇ ਤੁਹਾਨੂੰ ਜੀ ਆਇਆ ਆਖਦੇ ਹਾਂ - ਕੀ ਤੁਸੀਂ ਭਾਰਤ ਦੀ ਅਜੋਕੀ ਰਾਜਨੀਤਕ ਸਥਿਤੀ ਤੇ ਵਿਸਥਾਰ ਨਾਲ ਚਾਨਣਾ ਪਾਕੇ ਸਾਨੂੰ ਰਾਜਨੀਤਕ ਸਥਿਤੀ ਤੋਂ ਜਾਣੂ ਕਰਾ ਸਕੋਗੇ?

ਕਾਮਰੇਡ ਸੁਰਜੀਤ:— ਮੈਂ ਕੈਨੇਡਾ ਦੀ ਧਰਤੀ ਨੂੰ ਨਮਸਕਾਰ ਕਰਦਾ ਹਾਂ ਕਿਉਂਕਿ ਇਸੇ ਧਰਤੀ ਨੇ ਗ਼ਦਰ ਪਾਰਟੀ ਦੇ ਰੂਪ ਵਿੱਚ ਦੇਸ਼ ਦੀ ਆਜ਼ਾਦੀ ਵਿੱਚ ਉੱਘਾ ਹਿੱਸਾ ਪਾਇਆ।

ਅਜੋਕੀ ਭਾਰਤੀ ਰਾਜਨੀਤਕ ਸਥਿਤੀ ਦੇ ਕਈ ਪੱਖ ਹਨ। ਰਾਜਨੀਤਕ ਸਥਿਤੀ ਨੂੰ ਸਮਝਣ ਲਈ ਆਰਥਕ ਪੱਖ ਸਮਝਣਾ ਬੜਾ ਜ਼ਰੂਰੀ ਹੈ। ਆਰਥਕ ਤੌਰ ਤੇ ਭਾਰਤ ਦੀ ਹਾਲਤ ਬਹੁਤ ਖਰਾਬ ਹੈ। ਸਰਕਾਰ ਨੂੰ ਮਲਟੀਨੈਸ਼ਨਲ ਕੰਪਨੀਆਂ ਤੇ ਨਿਰਭਰ ਕਰਨਾ ਪੈ ਰਿਹਾ ਹੈ। ਤੇ ਇਨ੍ਹਾਂ ਤੇ ਨਿਰਭਰ ਕਰਨ ਨਾਲ ਦੇਸ਼ ਦੀ ਆਰਥਕਤਾ ਹੋਰ ਵੀ ਵਿਗੜੇਗੀ। ਘਾਟੇ ਦੇ ਬਜਟ ਨੂੰ ਪੂਰਾ ਕਰਨ ਲਈ ਜਿਨ੍ਹਾਂ ਏਜੰਸੀਆਂ ਤੋਂ ਕਰਜ਼ੇ ਲਏ ਜਾ ਰਹੇ ਹਨ ਉਨ੍ਹਾਂ ਦੀਆਂ ਸ਼ਰਤਾਂ ਬਹੁਤ ਸਖਤ ਹਨ।

ਸਮਾਜਕ ਹਾਲਤ ਹੋਰ ਵੀ ਤਰਸਯੋਗ ਹੈ। ਸਭ ਪਾਸੇ ਅਸੰਤੋਸ਼ ਹੈ। ਇਸ ਨੂੰ ਦਬਾਉਣ ਲਈ ਤੇ ਕੁਚਲਣ ਲਈ ਜੋ ਢੰਗ ਵਰਤੇ ਜਾ ਰਹੇ ਹਨ ਉਹ ਬਹੁਤ ਸਖਤ ਹਨ।

ਅਜਿਹੀ ਅਸੰਤੋਖਜਨਕ ਆਰਥਕ ਤੇ ਸਮਾਜਕ ਹਾਲਤ ਨੂੰ ਵੱਖਵਾਦੀ ਤਾਕਤਾਂ ਵਰਤ ਰਹੀਆਂ ਹਨ। ਜਿਵੇਂ ਆਸਾਮ ਵਿੱਚ ਵੱਖਵਾਦੀ ਰੁਚੀ ਉਭਰੀ ਹੈ ਉਸੇ ਤਰ੍ਹਾਂ ਪੰਜਾਬ ਵਿੱਚ ਅਤਿਵਾਦੀ ਇਸ ਹਾਲਾਤ ਦਾ ਨਜਾਇਜ਼ ਲਾਭ ਉਠਾਉਣ ਦਾ ਯਤਨ ਕਰ ਰਹੇ ਹਨ।

ਲੋਕਾਂ ਵਿੱਚ ਗੁੱਸਾ ਹੈ - ਆਰਥਕ ਕਮਜ਼ੋਰੀ ਕਾਰਨ,ਤੇ ਇਸ ਨੂੰ ਵਰਤ ਰਹੇ ਹਨ Fundamentalists। ਮਜ਼ਬੀ ਜਨੂੰਨੀ - ਲੋਕਾਂ ਨੂੰ ਭੜਕਾ ਰਹੇ ਹਨ ਤੇ ਇਨ੍ਹਾਂ ਦੀ ਮੱਦਦ - ਵੱਖਵਾਦੀਆਂ ਤੇ ਅਤਿਵਾਦੀਆਂ ਦੀ-ਬਾਹਰਲੇ ਮੁਲਕ ਵੀ ਕਰ ਰਹੇ ਹਨ।

ਖੱਬੇ-ਪੱਖੀ ਲਹਿਰ ਅਜੇ ਪੂਰੀ ਤਾਕਤਵਰ ਨਹੀਂ। ਏਹੀ ਕਾਰਨ ਹੈ ਕਿ ਪਿਛਾਕੜ ਦੀਆਂ ਪਾਰਟੀਆਂ ਵੱਖਵਾਦੀ ਤੇ ਅਤਿਵਾਦੀ ਨਾਹਰੇ ਲਾ ਰਹੀਆਂ ਹਨ। ਖੱਬੇ ਪੱਖੀ ਲਹਿਰ ਲਈ ਮਜ਼ਦੂਰ ਅੱਗੇ ਹਨ - ਉਨ੍ਹਾਂ ਵਿੱਚ ਭਾਵਨਾ ਪ੍ਰਬਲ ਹੋ ਰਹੀ ਹੈ।

ਭਾਰਤ ਵਿੱਚ ਮਾਰੂ ਹਥਿਆਰਾਂ ਵਿਰੁਧ ਲੋਕਾਂ ਵਿੱਚ ਗੁੱਸਾ ਹੈ - ਪਾਕਿਸਤਾਨ ਨੂੰ ਅਮਰੀਕਨ ਸਰਮਾਏਦਾਰੀ ਹਥਿਆਰ ਮੁਹਈਆ ਕਰ ਰਹੀ ਹੈ। ਲੋਕਾਂ ਵਿਚ ਅਮਨ ਲਹਿਰ ਲਈ ਭਾਵਨਾ ਪ੍ਰਚੰਡ ਹੈ। ਸਤੰਬਰ ਵਿਚ ਪੰਜ ਲੱਖ ਲੋਕਾਂ ਅਮਨ ਲਹਿਰ ਦੇ ਹੱਕ ਵਿਚ ਜ਼ਬਰਦਸਤ ਮੁਜ਼ਾਹਰਾ ਕੀਤਾ ਜਿਸ ਵਿਚ ਸੀ.ਪੀ.ਆਈ. ਤੇ ਹੋਰ ਖੱਬੇ ਪੱਖੀ ਪਾਰਟੀਆਂ ਨੇ ਹਿੱਸਾ ਲਿਆ।

ਸੰਪਾਦਕ:— ਖੱਬੇ ਪੱਖੀ ਪਾਰਟੀਆਂ ਤੇ ਸੱਜੇ-ਪਿਛਾਖੜ ਦੀਆਂ ਪਾਰਟੀਆਂ ਵਿਚ ਵਿਰੋਧ ਕਿਸ ਹੱਦ ਤੱਕ ਤੀਖਣ ਹੋਇਆ ਹੈ?

ਆਰਥਕ ਸੰਕਟ ਡੂੰਘਾ ਹੋਣ ਨਾਲ, ਹਾਕਮ ਜਮਾਤ ਕੋਲ ਰਿਆਇਤਾਂ ਦੇਣ ਦੀ ਗੁੰਜਾਇਸ਼ ਘੱਟ ਜਾਂਦੀ ਹੈ। ਏਹੀ ਕਾਰਨ ਹੈ ਕਿ ਸਭ ਸਰਮਾਏਦਾਰ ਮੁਲਕ ਤੇ ਸਰਮਾਏਦਾਰੀ ਦੇ ਰਾਹ (Capitalist Path) ਤੇ ਚਲ ਰਹੇ ਦੇਸ਼ ਡੂੰਘੇ ਸੰਕਟ ਵਿੱਚ ਹਨ। ਭਾਰਤ ਵਿਚ ਵੀ ਪਾਰਟੀਆਂ ਡੂੰਘੇ ਸੰਕਟ ਵਿੱਚ ਹਨ। ਪਰ ਇਕ Projection ਜ਼ਰੂਰ ਹੋ ਗਈ ਹੈ ਕਿ ਕਾਂਗਰਸ ਦਾ ਬਦਲ ਜੇ ਕੋਈ ਹੈ ਤਾਂ ਉਹ ਖੱਬੇ-ਪੱਖੀ ਪਾਰਟੀਆਂ ਹਨ। ਪਰ ਇਹ ਅਜੇ Projection ਹੀ ਹੈ। ਇਹ ਕਹਿਣਾ ਫਾਲਤੂ ਹੈ ਕਿ ਇਹ ਹੁਣ ਬਦਲ ਪੇਸ਼ ਕਰਨ ਦੇ ਕਾਬਲ ਹਨ। ਪਰ ਪੱਛਮੀ ਬੰਗਾਲ ਤੇ ਤ੍ਰੀਪੁਰਾ ਦੀਆਂ ਸੂਕਾਰਾਂ ਨੇ ਹਿੰਦੁਸਤਾਨੀ ਲੋਕਾਂ ਨੂੰ ਦਿਖਾ ਦਿਤਾ ਹੈ ਕਿ ਜੋ ਕੰਮ ਲੋਕਾਂ ਲਈ ਖੱਬੇ-ਪੱਖੀ ਪਾਰਟੀਆਂ ਕਰ ਸਕਦੀਆਂ ਹਨ, ਉਹ ਹੋਰ ਕਿਸੇ ਪਾਰਟੀ ਵਿਚ ਕਰਨ ਦੀ ਤਾਕਤ ਨਹੀਂ। ਪੱਛਮੀ ਬੰਗਾਲ ਤੇ ਤ੍ਰੀਪੁਰਾ ਇਸਦੇ ਗਵਾਹ ਹਨ।



ਸੀ.ਪੀ.ਆਈ. ਤੇ ਸੀ.ਪੀ.ਐਮ. ਦੇ ਇਕੱਠੇ ਹੋਣ ਦੀ ਸੰਭਾਵਨਾ ਕੀ ਹੈ?

ਕਾਮਰੇਡ ਸੁਰਜੀਤ:— ਦੋਵਾਂ ਪਾਰਟੀਆਂ ਦਾ ਕਾਂਗਰਸ ਨਾਲ ਵਿਰੋਧ ਹੈ ਤੇ ਇਸੇ ਵਿਰੋਧ ਦੇ ਆਧਾਰ ਤੇ ਉਨ੍ਹਾਂ ਦਾ ਆਪਸ ਵਿੱਚ ਤਾਲਮੇਲ ਹੈ। ਅੱਗੇ ਨਾਲੋਂ ਮਿਲਵਰਤਣ ਵਧਿਆ ਹੈ। ਅਮਲ ਵਿੱਚ ਦੋਵੇਂ ਇੱਕ ਦੂਜੇ ਦਾ ਸਹਿਯੋਗ ਦੇ ਰਹੀਆਂ ਹਨ। ਪਰ ਮੁੱਖ ਗੱਲ ਸਾਂਝਾ ਐਕਸ਼ਨ ਹੈ। ਦੋਵਾਂ ਪਾਰਟੀਆਂ ਦਾ ਮਿਲਕੇ।

ਸੰਪਾਦਕ:— ਸੀ.ਪੀ.ਐਮ. ਦਾ ਅਕਾਲੀ ਮੋਰਚੇ ਬਾਰੇ ਸਟੈਂਡ ਕੀ ਹੈ?

ਕਾਮਰੇਡ ਸੁਰਜੀਤ:— ਜੇ ਕਿਸੇ ਪਾਰਟੀ ਨੇ ਸੰਜੀਦਗੀ ਨਾਲ ਪੰਜਾਬ ਵਿਚ ਅਤਿਵਾਦੀਆਂ ਦਾ ਵਿਰੋਧ ਕੀਤਾ ਤਾਂ ਉਹ ਸਾਡੀ ਪਾਰਟੀ ਹੈ। ਅਸੀਂ ਸਮਝਦੇ ਹਾਂ ਕਿ ਜੇ ਮੋਰਚਾ ਲੋਕਾਂ ਦੀਆਂ ਜਾਇਜ਼ ਮੰਗਾਂ ਨੂੰ ਸਾਹਮਣੇ ਲਿਆਉਂਦਾ ਤੇ ਉਨ੍ਹਾਂ ਦੀ ਬੇਚੈਨੀ ਨੂੰ ਅਤਿਵਾਦੀਆਂ ਵਲੋਂ ਵਰਤਣ ਤੋਂ ਗੁਰੇਜ਼ ਕਰਦਾ ਹੈ ਤਾਂ ਠੀਕ ਹੈ। ਅਸੀਂ ਅਕਾਲੀਆਂ ਨੂੰ ਇਸ ਪੱਖੋਂ ਸੁਚੇਤ ਵੀ ਕੀਤਾ। ਜਿਥੇ ਪੰਜਾਬ ਦੀ ਮਾੜੀ ਹਾਲਤ ਬਾਰੇ ਸੂਕਾਰ ਨੂੰ ਬਰੀ ਨਹੀਂ ਕੀਤਾ ਜਾ ਸਕਦਾ, ਉਥੇ ਅਕਾਲੀਆਂ ਦੀਆਂ ਜਾਇਜ਼ ਮੰਗਾਂ ਦਾ ਅਸੀਂ ਸਮਰਥਨ ਕਰਦੇ ਹਾਂ।

ਸੰਪਾਦਕ:— ਅਕਾਲੀਆਂ ਦੀਆਂ ਕਿਹੜੀਆਂ ਮੰਗਾਂ ਹਨ ਜਿਨ੍ਹਾਂ ਨੂੰ ਤੁਹਾਡੀ ਪਾਰਟੀ ਜਾਇਜ਼ ਮੰਨਦੀ ਹੈ?

ਕਾਮਰੇਡ ਸੁਰਜੀਤ:— ਮਿਸਾਲ ਦੇ ਤੌਰ ਤੇ ਚੰਡੀਗੜ੍ਹ ਦੀ ਮੰਗ। ਇਸ ਬਾਰੇ ਅਵਾਰਡ ਵੀ ਹੋ ਚੁੱਕਾ ਹੈ। ਤੇ ਇਹ ਕੋਈ ਵੀ ਨਹੀਂ ਮੰਨ ਸਕਦਾ ਕਿ ਇਹ ਪੰਜਾਬ ਦਾ ਹਿੱਸਾ ਨਹੀਂ ਹੈ। ਇਸ ਅਵਾਰਡ ਨੂੰ ਬਾਰਾਂ ਤੇਰ੍ਹਾਂ ਸਾਲ ਹੋ ਗਏ ਹਨ। ਦੂਜੇ ਜਿ ਹੜੀ ਪੰਜਾਬ ਦੀ ਹਦਬੰਦੀ ਹੋਈ ਹੈ ਉਹ 1961 ਦੀ ਮਰਦਮ ਸ਼ੁਮਾਰੀ ਤੇ ਹੋਈ ਹੈ ਜਿਹੜੀ ਕਿ distorted ਸੀ। ਇਹ ਮਰਦਮ ਸ਼ੁਮਾਰੀ ਨੂੰ ਆਧਾਰ ਮੰਨਣਾ ਹੀ ਗ਼ਲਤ ਸੀ।ਪਿੰਡ ਨੂੰ ਇਕਾਈ ਮੰਨ ਕੇ ਪੰਜਾਬੀ ਇਲਾਕਿਆਂ ਨੂੰ ਪੰਜਾਬ ਵਿੱਚ ਸ਼ਾਮਲ ਕਰਨ ਦੀ ਮੰਗ ਬਿਲਕੁਲ ਜਾਇਜ਼ ਹੈ। ਤੀਜਾ ਹੈ ਪਾਣੀਆਂ ਦਾ ਸਵਾਲ। ਇਸ ਨੂੰ ਪ੍ਰਧਾਨ ਮੰਤ੍ਰੀ ਨੇ ਆਪਣੇ ਢੰਗ ਨਾਲ ਨਜਿੱਠਣ ਦੀ ਕੋਸ਼ਿਸ਼ ਕੀਤੀ। ਪਰ ਜਿਹੜਾ ਪਾਣੀ ਹੁਣ ਹਰਿਆਣੇ ਨੂੰ ਦੇਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ, ਉਹ ਪਾਣੀ ਦਸ ਸਾਲ ਤੋਂ ਪੰਜਾਬ ਵਿਚ ਵਰਤਿਆ ਜਾ ਰਿਹਾ ਹੈ। ਜਿਹੜੀ ਨਹਿਰ ਹੁਣ ਕੱਢਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ — ਉਹ ਗੋਬਿੰਦ ਸਾਗਰ ਦਾ ਪਾਣੀ 1972 ਤੋਂ ਲੈਕੇ fully utilized (ਪੂਰੀ ਤਰ੍ਹਾਂ ਵਰਤਿਆ) ਹੈ। ਪਰ ਇਹ ਸਵਾਲ ਸਾਰੇ ਪੰਜਾਬੀਆਂ ਦੇ ਸਾਂਝੇ ... ਹਨ।

ਸੰਪਾਦਕ:— ਪਾਣੀ ਦੇ ਸਵਾਲ ਤੇ ਹਰਿਆਣੇ ਦੇ ਪੰਜਾਬੀ ਕਿਵੇਂ ਸੋਚਦੇ ਹਨ?

ਕਾਮਰੇਡ ਸੁਰਜੀਤ:— ਮੈਂ ਇਸ ਸਵਾਲ ਤੇ ਅਕਾਲੀਆਂ ਨਾਲ ਗੱਲ ਕੀਤੀ ਹੈ ਕਿ ਪਾਣੀ ਦੇ ਸਵਾਲ ਤੇ ਹਰਿਆਣੇ ਦੇ ਸਿੱਖ ਕਹਿੰਦੇ ਹਨ ਕਿ ਪਾਣੀ ਹਰਿਆਣੇ ਨੂੰ ਮਿਲਣਾ ਚਾਹੀਦਾ ਹੈ ਤੇ ਰਾਜਸਥਾਨ ਦੇ ਸਿੱਖ ਕਹਿੰਦੇ ਹਨ ਕਿ ਪਾਣੀ ਰਾਜਸਥਾਨ ਨੂੰ ਮਿਲਣਾ ਚਾਹੀਦਾ ਹੈ। ਇਸ ਲਈ ਪਾਣੀ ਦਾ ਸਵਾਲ ਸਿੱਖਾਂ ਦਾ ਸਵਾਲ ਨਹੀਂ। ਇਸ ਤੇ ਸਿੱਖ ਵੰਡੇ ਹੋਏ ਹਨ। ਹੁਣ ਬਾਦਲ ਸਾਹਿਬ ਨੇ ਕਿਹਾ ਹੈ ਕਿ ਇਹ ਸਿੱਖਾਂ ਦੇ ਸਵਾਲ ਨਹੀਂ, ਪੰਜਾਬੀਆਂ ਦਾ ਸਵਾਲ ਹੈ।

ਸੰਪਾਦਕ:— ਅਕਾਲੀਆਂ ਦੀਆਂ ਧਾਰਮਿਕ ਮੰਗਾਂ ਬਾਰੇ ਤੁਹਾਡੇ ਕੀ ਵਿਚਾਰ ਹਨ?

ਕਾਮਰੇਡ ਸੁਰਜੀਤ:— ਉਨ੍ਹਾਂ ਦੀ ਮੰਗ ਹੈ ਕਿ ਗੁਰਦੁਆਰਾ ਐਕਟ ਬਣਨਾ ਚਾਹੀਦਾ ਹੈ। ਇਹ ਉਨ੍ਹਾਂ ਦੀ ਜਾਇਜ਼ ਮੰਗ ਹੈ। ਗੁਰਦੁਆਰਿਆਂ ਦੇ ਪ੍ਰਬੰਧ ਵਿੱਚ ਸੂਕਾਰੀ ਦਖਲ ਨਹੀਂ ਦੇਣਾ ਚਾਹੀਦਾ। ਇਹ ਵੀ ਠੀਕ ਹੈ। ਉਨ੍ਹਾਂ ਦੇ ਧਾਰਮਿਕ ਮੁਆਮਲਿਆਂ ਵਿਚ ਦਖਲਅੰਦਾਜ਼ੀ, ਜਿਵੇਂ ਦਿੱਲੀ ਦੀ ਗੁਰਦੁਆਰਾ ਕਮੇਟੀ ਵਿੱਚ ਵਾਪਰਿਆ ਇਹ ਵੀ ਨਹੀਂ ਹੋਣਾ ਚਾਹੀਦਾ। ਦਿੱਲੀ ਦਾ ਗੁਰਦੁਆਰਾ ਐਕਟ ਨੂੰ ਬਦਲਕੇ ਕਮੇਟੀ ਤੇ ਕਬਜ਼ਾ ਕਰਨਾ ਆਦਿ ਇਹ ਗੱਲਾਂ ਨਹੀਂ ਕਰਨੀਆਂ ਚਾਹੀਦੀਆਂ। ਪਰ ਕਦਾਚਿਤ ਜਿਵੇਂ ਹੋਰ ਮੰਗਾਂ ਹਨ - ਅਨੰਦਪੁਰ ਦਾ ਮਤਾ ਜਾਂ ਖਾਲਿਸਤਾਨ ਦਾ ਸਵਾਲ ਇਸ ਤੇ ਕੋਈ ਵੀ ਜਮਹੂਰੀ ਤਾਕਤ (democratic force) ਸਪੋਰਟ ਨਹੀਂ ਕਰੇਗੀ। ਇਹ ਵੱਖਵਾਦ ਦਾ ਸਵਾਲ ਹੈ - ਧਰਮ ਦੇ ਅਧਾਰ ਤੇ ਨਾ ਰਾਜ ਬਣ ਸਕਦੇ ਹਨ ਨਾ ਚਲ ਸਕਦੇ ਹਨ। ਸਮਾਜ ਵਿਚ ਕਿਉਂਕਿ interest ਜਿਹੜੇ ਹਨ ਉਹ ਜਮਾਤੀ ਹਨ ਜੋ ਰਾਜਨੀਤੀ ਨੂੰ ਤੈਅ ਕਰਦੇ ਹਨ ਨਾ ਕਿ ਧਾਰਮ ਕ. interest.

ਸੰਪਾਦਕ: ਜਾਪਦਾ ਹੈ ਕਿ ਅਕਾਲੀਆਂ ਨੇ ਇਸ ਨੂੰ 'ਧਰਮ ਯੁੱਧ' ਦਾ ਨਾਂ ਦੇਕੇ ਪੰਜਾਬੀਆਂ ਦੀਆਂ ਮੰਗਾਂ ਨੂੰ ਸੀਮਤ ਦਾਇਰੇ ਵਿਚ ਲੈ ਆਂਦਾ ਹੈ?

ਕਾਮਰੇਡ ਸੁਰਜੀਤ:— ਸੀਮਤ ਦ੍ਰਿਸ਼ਟੀਕੋਣ ਹੀ ਨਹੀਂ ਅਪਣਾਇਆ ਸਗੋਂ ਅਤਿਵਾਦੀ ਤਾਕਤਾਂ ਨੂੰ ਵੀ ਮਜਬੂਤਕੀਤਾ ਹੈ। ਇਹ ਨੂੰ ਧਰਮ ਯੁੱਧ ਦਾ ਰੰਗ ਦੇਕੇ ਤੇ ਧਰਮ ਦਾ ਸਵਾਲ ਬਣਾਕੇ।

ਸੰਪਾਦਕ:— ਅਨੰਦਪੁਰ ਦੇ ਮਤੇ ਬਾਰੇ ਕੁਝ ਸਪਸ਼ਟ ਕਰੋਗੇ? ਇਹ ਮਸਲਾ ਵੱਧ ਅਧਿਕਾਰਾਂ ਲਈ ਹੀ ਹੈ?

ਕਾਮਰੇਡ ਸੁਰਜੀਤ:— ਮਸਲਾ ਜੇ ਸੂਬਿਆਂ ਦੇ ਵੱਧ ਅਧਿਕਾਰਾਂ ਜਾਂ autonomy ਦਾ ਹੀ ਹੋਵੇ ਤਾਂ ਠੀਕ ਹੈ। ਇਸ ਮਾਮਲੇ ਨੂੰ ਜਿਵੇਂ ਹੁਣ ਬਾਦਲ ਪੇਸ਼ ਕਰ ਰਿਹਾ ਹੈ, ਉਸ ਦੀ ਸਾਰੇ ਸਪੋਰਟ ਕਰਨਗੇ। ਇਹ ਮਸਲਾ ਸਭ ਤੋਂ ਪਹਿਲਾਂ ਸਾਡੀ ਪਾਰਟੀ ਨੇ ਉਠਾਇਆ। ਅਸੀਂ ਇਸ ਦੇ ਮਦੱਈ ਹਾਂ। ਪਰ ਅਨੰਦਪੁਰ ਦੇ ਮਤੇ ਵਿਚ ਆਉਂਦਾ ਹੈ ਕਿ ਅਸੀਂ 'ਐਸ਼ਾ ਰਾਜ' ਚਾਹੁੰਦੇ ਹਾਂ ਜਿਥੇ ਸਿੱਖਾਂ ਦਾ ਬੋਲਬਾਲਾ ਹੋਵੇ। ਜਿਸਦਾ ਮਤਲਬ ਇਹ ਹੈ ਕਿ ਉਹ ਇਸਨੂੰ ਧਰਮ ਨਾਲ ਜੋੜਦੇ ਐ ਕਿ ਸਿੱਖਾਂ ਦੀ domination ਹੋਵੇ। ਪਰ ਉਹ ਕਿਹੜੇ ਸਿੱਖਾਂ ਦੀ ਗੱਲ ਕਰਦੇ ਹਨ? ਜਦ ਇਸ ਗੱਲ ਦਾ ਅਸੀਂ ਵਿਰੋਧ ਕਰਦੇ ਹਾਂ ਤਾਂ ਸਾਡਾ ਮੱਤ ਹੈ ਕਿ ਉਹ ਕਿਹੜੇ ਸਿੱਖਾਂ ਦੀ dominance ਚਾਹੁੰਦੇ ਹਨ? ਸਿੱਖ ਜਿਹੜੇ ਹਨ ਉਹ ਵੀ ਜਮਾਤਾਂ ਵਿੱਚ ਵੰਡੇ ਹੋਏ ਹਨ। ਮੈਂ class Angle ਤੋਂ ਗੱਲ ਕਰਦਾ ਹਾਂ। ਉਹ ਕਾਰਖਾਨਿਆਂ ਦੇ ਮਾਲਕ ਵੀ ਹਨ ਤੇ ਮਜ਼ਦੂਰ ਵੀ ਹਨ। ਉਨ੍ਹਾਂ ਦੀ Constant Conflict ਹੈ। ਸੋ ਰਾਜ ਕਿਹੜੇ ਸਿੱਖਾਂ ਦੇ ਹੱਥ ਵਿੱਚ ਹੋਵੇ?

ਸੰਪਾਦਕ:— ਹਿੰਦੁਸਤਾਨ ਦਾ ਵਿਧਾਨਕ ਢਾਂਚਾ ਤਾਂ ਪਹਿਲਾਂ ਹੀ ਫੈਡਰਲ ਹੈ — ਬੇਸ਼ਕ ਅਮਲੀ ਤੌਰ ਤੇ ਗੱਲ ਇਸ ਦੇ ਉਲਟ ਹੈ?

ਕਾਮਰੇਡ ਸੁਰਜੀਤ:— ਜਿਹੜਾ ਹੁਣ ਵਿਧਾਨ ਹੈ ਉਸਨੂੰ ਕਿਹਾ ਤਾਂ ਫੈਡਰਲ ਹੀ ਜਾਂਦਾ ਹੈ ਹਕੀਕਤਨ ਇਹ ਯੂਨਟਰੀ ਹੈ — ਨਿਚੋੜ ਵਿੱਚ ਇਹ ਯੂਨੀਟਰੀ ਹੀ ਰਿਹਾ ਹੈ। ਸੰਵਿਧਾਨ ਵਿਚ ਸਟੇਟ ਤੇ ਫੈਡਰਲ ਸੂਕਾਰਾਂ ਦੀਆਂ ਤਾਕਤਾਂ defined ਹਨ। ਪਰ ਜਿਹੜੀ ਰਾਜਾਂ ਕੋਲ ਤਾਕਤ ਹੈ ਉਹ ਕੇਵਲ ਨਾਂ ਦੀ ਹੀ ਹੈ ਅਸਲ ਵਿਚ ਕੇਂਦਰ ਹੀ ਆਪਣੀ ਮਰਜ਼ੀ ਕਰਦਾ ਹੈ। ਜੋ ਅ ਕੀਤਾ ਰਾਜ ਸੂਕਾਰ ਤੋੜ ਦਿਤੀ, ਚੋਣਾਂ ਦੁਬਾਰਾ ਕਰਵਾ ਦਿਤੀਆਂ। ਅਸੀਂ ਚਾਹੁੰਦੇ ਹਾਂ ਕਿ ਡੀਫੈਂਸ, ਫਾਰਨ ਅਫਰੇਜ਼ ਤੇ ਕਰੰਸੀ ਕੇਂਦਰ ਕੋਲ ਰਹੇ ਪਰ ਰਾਜਾਂ ਦੀਆਂ ਤਾਕਤਾਂ ਨੂੰ ਵਧਾਇਆ ਜਾਵੇ। ਹੁਣ ਸਾਰੀ ਤਾਕਤ ਕੇਂਦਰ ਕੋਲ ਹੀ ਹੈ। ਰਾਜਾਂ ਦੇ ਅਧਿਕਾਰ ਵਧੇਰੇ defined ਹੋਣ। ਜ਼ਮੀਨਾਂ ਦੇ ਸੁਧਾਰ, ਪਾਣੀਆਂ ਦੀ ਵੰਡ। ਗੱਲ ਕੀ ਸਾਰੇ ਮਾਮਲੇ ਲਟਕ ਰਹੇ ਹਨ। ਕੇਂਦਰ ਬਿਨਾਂ ਰਾਜ ਸੂਕਾਰਾਂ ਕੁਝ ਕਰਨ ਤੋਂ ਅਸਮਰੱਥ ਹਨ। ਵਧ ਅਧਿਕਾਰਾਂ ਵਾਲੇ ਸੂਬੇ ਹੀ ਮੁਲਕ ਦੀ ਏਕਤਾ ਦੇ ਜ਼ਾਮਨ ਹੋ ਸਕਦੇ ਹਨ।

ਸੰਪਾਦਕ:— ਵੱਧ ਅਧਿਕਾਰਾਂ ਦਾ ਅਸਲ ਮਤਲਬ ਤੁਸੀਂ ਕਿਸ ਤੋਂ ਲੈਂਦੇ ਹੋ?

ਰਜੀਤ:— ਸਾਡਾ ਅਸਲ ਭਾਵ ਹੈ - More powers to States. ਰਾਜਾਂ ਨੂੰ ਵੱਧ ਤਾਕਤ ਦਿੱਤੀ ਜਾਵੇ। ਇਸ ਦੀ ਖਾਤਰ ਅਸੀਂ ਅੱਗੇ ਵੀ ਲੜ ਰਹੇ ਹਾਂ ਤੇ ਭਵਿੱਖ ਵਿਚ ਵੀ ਲੜਾਂਗੇ।

ਸੰਪਾਦਕ:— ਜੋ ਵੱਖਵਾਦੀ ਲਹਿਰਾਂ ਜਨਮ ਲੈ ਰਹੀਆਂ ਹਨ ਇਨ੍ਹਾਂ ਲਈ ਕਾਂਗਰਸ ਸੂਕਾਰਾਂ ਕਿਥੋਂ ਤੱਕ ਜ਼ਿੰਮੇਵਾਰ ਹਨ?

ਕਾਮਰੇਡ ਸੁਰਜੀਤ:— ਇਹ ਕਹਿਣਾ ਠੀਕ ਨਹੀਂ ਕਿ ਇਹ ਕੇਵਲ ਕਾਂਗਰਸ ਸੂਕਾਰਾਂ ਵਲੋਂ ਕੀਤੀਆਂ ਜਾ ਰਹੀਆਂ ਹਨ। ਪਰ ਫਿਰ ਵੀ ਉਹ ਸਮੇਂ ਸਮੇਂ encourage ਜ਼ਰੂਰ ਕਰਦੀਆਂ ਹਨ। ਪਰ ਜਦੋਂ ਪਾਣੀ ਨੱਕ ਤਾਈਂ ਪਹੁੰਚ ਜਾਂਦਾ ਹੈ ਤਾਂ ਪੈਰ ਪਿਛੇ ਹਟਾਉਂਦੀਆਂ ਹਨ। ਰੋਕਣ ਦੀ ਕੋਸ਼ਿਸ਼ ਵੀ ਕਰਦੀਆਂ ਹਨ।

ਸੰ ਦਕ:— ਕਾਮਰੇਡ ਜੀ। ਤੁਹਾਡੀ ਪਾਰਟੀ ਇਕ ਠੋਸ ਸਿਧਾਂਤ ਤੇ ਖੜੀ ਹੈ। ਜਦ ਕੁਝ ਬੰਦੇ ਸੀ.ਪੀ.ਐਮ. ਤੋਂ ਟੁਟਕੇ ਹੋਰ ਪਾਸੇ ਤੁਰਦੇ ਹਨ ਤਾਂ ਆਮ ਲੋਕਾਂ ਨੂੰ ਹੈਰਾਨੀ ਹੁੰਦੀ ਹੈ। ਜਿਵੇਂ ਕਾਮਰੇਡ ਦਯਾ ਸਿੰਘ ਦਾ ਕਾਂਗਰਸ ਵਿੱਚ ਰਲਣਾ?

ਕਾਮਰੇਡ ਸੁਰਜੀਤ: ਕਈ ਵਾਰ ਬੰਦੇ ਲਹਿਰ ਵਿੱਚ ਉਤਸ਼ਾਹ ਨਾਲ ਸ਼ਾਮਲ ਹੁੰਦੇ ਹਨ ਪਰ ਜਮਾਤੀ ਘੋਲ ਦੀਆਂ ਕਠਨਾਈਆਂ ਨਹੀਂ ਝੱਲ ਸਕਦੇ।

ਸੰਪਾਦਕ:— ਕਾਮਰੇਡ ਤੁਹਾਡਾ ਕਾਫੀ ਵਕਤ ਲੈ ਲਿਆ ਹੈ, ਆਖਰੀ ਸਵਾਲ ਹੈ ਕਿ ਅਕਾਲੀ ਮੋਰਚੇ ਤੋਂ ਪੈਦਾ ਹੋਈਆਂ ਕਠਨਾਈਆਂ ਦਾ ਸਹੀ ਹੱਲ ਲੱਭਣ ਵਿੱਚ ਸੀ.ਪੀ.ਐਮ. ਦਾ ਕੀ ਰੋਲ ਹੋਵੇਗਾ?

ਕਾਮਰੇਡ ਸੁਰਜੀਤ:— ਅਸੀਂ ਪਹਿਲਾਂ ਵੀ ਕੋਸ਼ਿਸ਼ ਕੀਤੀ ਹੈ ਤੇ ਕਰ ਰਹੇ ਹਾਂ। ਸਹੀ ਹੱਲ ਦੀ ਬੁਨਿਆਦ ਮੌਜੂਦ ਹੈ। ਏਨੀ ਲੜਾਈ ਲੜਨ ਪਿਛੋਂ ਕਾਂਗਰਸ ਨਾਲ ਤਾਂ ਸਮਝੌਤਾ ਹੋ ਹੀ ਨਹੀਂ ਸਕਦਾ ਪਰ ਸੂਕਾਰ ਨਾਲ ਸਮਝੌਤੇ ਦਾ ਆਧਾਰ ਜ਼ਰੂਰ ਮੌਜੂਦ ਹੈ। ਜੇ ਇਹ ਮੋਰਚਾ ਲੰਮਾ ਚਲਦਾ ਰਿਹਾ ਤਾਂ ਨੁਕਸਾਨ ਦੇਹ ਹੋਵੇਗਾ। ਇਸ ਲਈ ਸਮਝੌਤੇ ਵਲ ਕਦਮ ਵਧਣੇ ਜਲਦੀ ਜ਼ਰੂਰੀ ਹਨ।


UPPAL
PHOTO STUDIO



Gurdev Singh Uppal 327-2405

Serving with 30 years experience in line
□Family Portraits, Weddings Groups
□Specialists in Family Groups
□5 Minutes Passport Service
gurdev Singh Uppal

Ph.(604)874-6711

4442 Main St.(at 29th.Ave.)VANCOUVER

## Do you have a key-person in your business?



**Mohinder S.Gill**

**B.Comm.,M.B.A.,C.G.A.**

Life Under Writer

Member Million Dollar Round Table

700Royal Center(Box 11112)

1055 W.Georgia St.,Vancouver.B.C.

V6E 3P3

What would happen if you lost that person? Insure your recouvery

Call:

OFF:682-8441

RES:433-1684

**Sunlife**

OF.CANADA

**Get Your Life in Shape**

---

**Buying,Selling or Trading**

**SUCCESS THROUGH SERVICE & EXPERIENCE**



**AJAIB JANDA.** M.A.(Economics)

In Business Since 1971

**AWARD WINNER** of the Medallion Club Member of the I.C.I.Division of the Real Estate Board of Greater Vancouver.

FOR PROFESSIONAL

MARKET EVALUATION OR CONSULTATTION

Without Any Obligation Please Contact

**RES.434-4660**

**BUS.437-9431**

**UNITED REALTY LTD.** 2443 Kingsway,Van.,B.C.

---

# WILL WHEATON

**PONTIC BUICK GMC LTD.**

**325 -12th ST.NEW WEST.**

For **New and used cars, station wagons,new & used truck,van and 4x4 jimmy....for all your driving needs.... your well known proofessional salesman**



**KULDIP SINGH JHAND**

**PH:**

**BUS:526-2781** **RES:524-4137**

**Pager 687-7711#7610**

---

PRUDENTIAL ASSURANCE

For Your Insurance Needs CONTACT

# PIARA SINGH BEESLA M.A.

Supervising Agent

THE PRUDENTIAL

ASSURANCE COMPANY LTD

SUITE 405, 1488-4th AVE.

**PRINCE GEORGE,B.C.**

Off.(604)562-4448 Res.(604)564-4240

# GOYAL IMPORT-EXPORT LTD.

IMPORT-WHOLESALE-RETAIL
Electronic Goods — Video Cassettes — Gifts
*Esquire Distributor for Western Canada*

**Proudly announce a grand sale on PANASONIC VIDEO PRODUCTS**



Rajinder Goyal

*Best Selling Video Machines 1983 Models*



**PV-1265K**

*World's lightest and most advance portable Video Machine*





ਦੁਨੀਆਂ ਭਰ ਦੀਆਂ
ਮਸ਼ੀਨਾਂ ਵਿਚੋਂ ਭਾਰ
ਵਿਚ ਹਲਕੀ ਤੇ ਐਡਵਾਂਸ
ਪੋਰਟੇਬਲ ਮਸ਼ੀਨ

**PV-5500K** OmniVision VHS
**8-Hour/3-Speed Portable Video Cassette Recorder (PV-5000K) with Wireless Remote Programmable Tuner (PV-A500K)**

Available at very Special Prices

MAIL ORDERS ACCEPTED

**ਕੀਮਤ ਹੁਣ ਇਤਨੀ ਘਟਾ ਦਿਤੀ ਗਈ ਹੈ ਕਿ ਤੁਸੀਂ ਯਕੀਨ ਹੀ ਨਹੀਂ ਕਰੋਗੇ**

We Rent, Sell & Exchange Movies at very Reasonable Prices

**Biggest Selection of New/Old Hindi/Punjabi Video Movies**

## We Also Sell TOSHIBA, SANYO and FISHER VIDEO MACHINES

## NEW RELEASES—

Prem Rog, Wagt Ke Shahzade, Do Dishane Dev Das(Dalip Kumar), Mere Bhaia, Sahas.

Coming Soon

Bagabat, Mahan, Vidhata.

Punjabi: SADAN JOGAN

## We have a large selection of 220V Electrical Appliances at very Special Prices

## For More Information, Please PHONE at (604) 873-8308

**4160 & 4156 FRASER ST., VANCOUVER, B.C. V5V 4E8**
**PHONE: 873-8308 • 873-8309**

HOME IS ALWAYS SWEET

SEE

## PAUL GILL

THE PRESIDENT'S CLUB



FOR ALL KINDS OF YOUR PROPERTY NEEDS

**BUS. 853-6411** **RES. 853-0493**

PAGER 853-0500 #398

**BLOCK BROS. REALTY LTD.**

**32641, SOUTH FRASERWAY,**

**ABBOTSFORD,B.C.**



NRS

NATIONAL REAL ESTATE SERVICE

☐BUYING
☐SELLING

Free Evaluation For Your Property
Call Any Time: Without Any Obligation

**MEET**

## MALKIT DHAMI

M.A. (Eco.)

Phone. Office:321-6881
Res:879-9078

NATIONAL REAL ESTATE SERVICE

BLOCK BROS.
REALTY LIMITED
5842 Cambie Street, Vancouver,B.C.



FOR

IMMIGRATION AND ALL OTHER PROBLEMS

CONTACT

BARRISTER AND SOLICITOR

## N. S. GILL
## (N A S H)

NOTARY PUBLIC

- ☐PERSONAL INJURY AND I.C.B.C CLAIMS
- ☐DIVORCES
- ☐IMMIGRATION
- ☐ESTATES

**RES. 826-8207** **BUS. 853-9322**

**33232, SOUTH FRASER WAY**

**ABBOTSFORD,B.C.**



SPECIALIST IN EAST INDIAN JEWELLERY







- ਡੀਜ਼ਾਈਨ ਤੁਸੀਂ ਆਪ ਚੁਣੋ ਤੇ ਬਣਾ ਕੇ ਅਸੀਂ ਦਿਆਂਗੇ ।
- ਸਾਡਾ ਬਣਾਇਆ ਹੋਇਆ ਗਹਿਣਾ ਕਿਤੇ ਅਪਰੇਜ਼ ਕਰਵਾਇਆ ਜਾ ਸਕਦਾ ਹੈ ।
- ਅਸੀਂ ਆਪਣੇ ਕੰਮ ਦੀ ਗਰੰਟੀ ਦਿੰਦੇ ਹਾਂ ਕੰਮ ਸਮੇਂ ਸਿਰ ਦਿੱਤਾ ਜਾਂਦਾ ਹੈ ।
- ਫੇਰੇ ਮਾਰਨ ਦੀ ਲੋੜ ਨਹੀਂ ।
- ਗਹਿਣਾ ਜਦੋਂ ਵੀ ਬਣਵਾਉਣਾ ਹੋਵੇ ਤਾਂ ਹਮੇਸ਼ਾਂ ਹੀ ਯਾਦ ਰੱਖੋ

ORIENTAL GOLD AND SILVER

JEWELLERY REPAIRS

## SONI & SONS JEWELLERS

6538, MAIN ST.

(ENTRANCE AT BACK DOOR)
VANCOUVER, B.C.V5X 3G9



## ਰਾਮਪੁਰੀ — ਜੀਵਨ ਵਾਕਫੀ

ਜਨਮ — 23 ਜਨਵਰੀ 1929 ਨੂੰ ਰਾਮ ਪੁਰ - ਜ਼ਿਲ੍ਹਾ ਲੁਧਿਆਣਾ (ਭਾਰਤ) ਵਿਚ ਹੋਇਆ।

ਰਾਮਪੁਰ ਨਹਿਰ ਸਰਹੰਦ ਦੇ ਕੰਢੇ ਵਸਿਆ ਹੋਇਆ ਹੈ। ਪੰਜਾਬੀ ਲਿਖਾਰੀ ਸਭਾ ਰਾਮਪੁਰ ਪੰਜਾਬ ਦੇ ਕਿਸੇ ਪਿੰਡ ਵਿਚ ਬਣੀ ਪਹਿਲੀ ਜਥੇਬੰਦੀ ਸੀ ਜਿਸਨੇ ਇਸ ਸੂਬੇ ਵਿਚ ਸਾਹਿਤਕ ਜਾਗ੍ਰਤੀ ਲਿਆਉਣ ਵਿਚ ਉਚੇਚਾ ਹਿੱਸਾ ਪਾਇਆ ਹੈ। ਗੁਰਚਰਨ ਇਸਦੇ ਮੋਢੀ ਲੇਖਕਾਂ ਚੋਂ ਹੈ; ਕਈ ਸਾਲ ਇਸਦਾ ਪ੍ਰਧਾਨ ਰਹਿ ਚੁੱਕਾ ਹੈ। 1964 ਵਿਚ ਉਹ ਕੈਨੇਡਾ ਅਪੜ ਗਿਆ। ਜਿਥੇ ਪਹੁੰਚਕੇ ਉਸਨੇ ਹੋਰ ਲੇਖਕਾਂ ਨਾਲ ਮਿਲਕੇ ਪੰਜਾਬੀ ਲਿਟਰੇਰੀ ਐਸੋਸੀਏਸ਼ਨ ਵੈਨਕੂਵਰ ਬਣਾਈ ਜਿਸਦਾ ਉਹ ਮੋਢੀ ਪ੍ਰਧਾਨ ਸੀ। ਇੰਟਰਨੈਸ਼ਨਲ ਐਸੋਸੀਏਸ਼ਨ ਆਫ ਪੰਜਾਬੀ ਆਥਰਜ਼ ਐਂਡ ਆਰਟਿਸਟਸ (ਇਆਪਾ) ਦਾ ਸਕੱਤਰ ਸੀ। 1980 ਤੋਂ ਕੌਮਾਂਤਰੀ ਲਿਟਰੇਰੀ ਟ੍ਰਸਟ (ਕੈਨੇਡਾ) ਦਾ ਪ੍ਰਧਾਨ ਹੈ।

ਇਸ ਤੋਂ ਛੁੱਟ ਉਹ ਪੰਜਾਬ ਦੀ ਅਗਾਂਹ ਵਧੂ ਲ਼ਿਖਾਰੀ ਸਭਾ, ਕੇਂਦਰੀ ਪੰਜਾਬੀ ਲੇਖਕ ਸਭਾ, ਅਮਨ ਲਹਿਰ, ਕਿਸਾਨ ਲਹਿਰ, ਖੇਤ ਮਜ਼ਦੂਰ ਲਹਿਰ ਨਾਲ ਸਮੇਂ ਸਮੇਂ ਸਬੰਧਤ ਰਿਹਾ।

ਰਚਨਾਵਾਂ: ਕਣਕਾਂ ਦੀ ਖ਼ਸ਼ਬੋ(1953), ਕੌਲ ਕਰਾਰ (1960), ਕਿਰਨਾਂ ਦਾ ਆਲ੍ਹਣਾਂ(1963), ਅੰਨ੍ਹੀ ਗਲੀ(1972), ਕੰਚਨੀ(1970), Green Snow (ਹੋਰਨਾਂ ਲਈ ਸਾਂਝੀ)।

ਅਨੁਵਾਦ: ਰੂਸੀ, ਅੰਗਰੇਜ਼ੀ, ਗੁਜਰਾਤੀ, ਹਿੰਦੀ।

1981 ਵਿਚ ਪੰਜਾਬੀ ਲਿਖਾਰੀ ਸਭਾ ਰਾਮਪੁਰ ਵਲੋਂ ਗੁਰਚਰਨ ਨੂੰ ਸਨਮਾਨ ਦਿਤਾ ਗਿਆ।

# ਗੁਰਚਰਨ ਰਾਮਪੁਰੀ ਨੂੰ 1982 ਦਾ ਪੰਜਾਬ ਸਾਹਿਤ ਅਕਾਡਮੀ ਇਨਾਮ

ਪੰਜਾਬੀ ਕਵੀ ਗੁਰਚਰਨ ਰਾਮਪੁਰੀ ਨੂੰ 1982 ਦਾ ਪੰਜਾਬ ਸਾਹਿਤ ਅਕਾਡਮੀ ਇਲਾਮ ਦੇਣ ਦੇ ਫੈਸਲੇ ਦਾ ਐਲਾਨ ਕੀਤਾ ਗਿਆ ਹੈ।

3100 ਰੁਪਏ ਦਾ ਇਹ ਇਨਾਮ ਹਰ ਸਾਲ ਲੇਖਕ ਦੀ ਸਾਹਿਤਕ ਸੇਵਾ ਨੂੰ ਮੁੱਖ ਰੱਖਕੇ ਦਿੱਤਾ ਜਾਂਦਾ ਹੈ।

ਗੁਰਚਰਨ ਰਾਮਪੁਰੀ ਨੇ ਇੱਕ ਅਗਾਂਹ ਵਧੂ ਕਵੀ ਵਲੋਂ 1946 ਵਿਚ ਸਾਹਿਤਕ ਪਿੜ ਵਿੱਚ ਪ੍ਰਵੇਸ਼ ਕੀਤਾ। ਹੁਣ ਤੱਕ ਉਨ੍ਹਾਂ ਦੇ ਪੰਜ ਪੰਜਾਬੀ ਕਾਵਿ-ਸੰਗ੍ਰਹਿ ਪ੍ਰਕਾਸ਼ਤ ਹੋ ਚੁੱਕੇ ਹਨ। ਉਨ੍ਹਾਂ ਦੀਆਂ ਕਵਿਤਾਵਾਂ ਦਾ ਰੂਸੀ ਅਨੁਵਾਦ 1957 ਵਿੱਚ ਚਾਰ ਹੋਰ ਉਘੇ ਕਵੀਆਂ ਨਾਲ ਇਕੱਠਾ ਮਾਸਕੋ ਤੋਂ ਪ੍ਰਕਾਸ਼ਤ ਹੋਇਆ। ਇਹ ਅਨੁਵਾਦ ਸ੍ਰੀ ਮਤੀ ਨਤਾਸ਼ਾ ਤਾਲਿਸ ਤਾਇਆ ਨੇ ਕੀਤਾ ਸੀ। ਇਸ ਤੋਂ ਇਲਾਵਾ ਉਨ੍ਹਾਂ ਦੀਆਂ ਕਵਿਤਾਵਾਂ ਦਾ ਅਨੁਵਾਦ ਅੰਗਰੇਜ਼ੀ, ਹਿੰਦੀ, ਗੁਜਰਾਤੀ ਆਦਿ ਵਿੱਚ ਵੀ ਹੋਇਆ ਹੈ।

ਭਾਰਤ ਦੀ ਵੰਡ ਪਿਛੋਂ ਸਮੇਂ ਸਮੇਂ ਪੰਜਾਬ ਵਿੱਚ ਤੁਰੀਆਂ ਅਨੇਕਾਂ ਸਾਹਿਤਕ ਅਤੇ ਹੋਰ ਲਹਿਰਾਂ ਵਿੱਚ ਰਾਮਪੁਰੀ ਨੇ ਕਵੀ ਵਲੋਂ ਆਪ ਹਿੱਸਾ ਪਾਇਆ; ਅਨੇਕਾਂ ਸਾਹਿਤਕ ਜਥੇਬੰਦੀਆਂ ਵਿੱਚ ਸਰਗਰਮ ਹਿੱਸਾ ਲਿਆ।

ਯਾਦ ਰਹੇ ਕਿ ਪੰਜਾਬ ਸਾਹਿਤ ਅਕਾਡਮੀ ਚੰਡੀਗੜ੍ਹ ਪੰਜਾਬ ਆਰਟਸ ਕਾਉਂਸਲ ਦੇ ਤਿੰਨ ਅੰਗਾਂ ਚੋਂ ਇੱਕ ਹੈ। ਕਾਉਂਸਲ ਦੇ ਪ੍ਰਧਾਨ ਡਾ. ਮਹਿੰਦਰ ਸਿੰਘ ਰੰਧਾਵਾ ਹਨ। ਪੰਜਾਬ ਸਾਹਿਤ ਅਕਾਡਮੀ ਦੇ ਪ੍ਰਧਾਨ ਸ. ਕਰਤਾਰ ਸਿੰਘ ਦੁੱਗਲ ਹਨ। ਅਨੇਕਾਂ ਉਘੇ ਪੰਜਾਬੀ ਸਾਹਿਤਕਾਰ ਤੇ ਕਲਾਕਾਰ ਇਨ੍ਹਾਂ ਸੰਸਥਾਵਾਂ ਦੇ ਮੈਂਬਰ ਹਨ।

ਗੁਰਚਰਨ ਰਾਮਪੁਰੀ 1964 ਤੋਂ ਵੈਨਕੂਵਰ ਵਿੱਚ ਰਹਿ ਰਹੇ ਹਨ। ਅਜ ਕਲ੍ਹ ਉਹ ਇੰਟਰਨੈਸ਼ਨਲ ਪੰਜਾਬੀ ਲਿਟ੍ਰੇਰੀ ਟ੍ਰਸਟ ਕੈਨੇਡਾ ਦੇ ਪ੍ਰਧਾਨ ਹਨ।

## ਲਹੂ ਤੇ ਲਲਕਾਰ

ਇਹ ਕੇਹੋ ਈਮਾਨ ਵਾਲਿਆਂ ਦੀ ਬਸਤੀ ਹੈ
ਹਰ ਕੋਈ ਦੂਜੇ ਨੂੰ ਕਾਫਿਰ ਆਖ ਰਿਹਾ ਹੈ।

ਗੱਦੀਦਾਰਾਂ ਜਦੋਂ ਜਹਾਦੀ ਨਾਹਰਾ ਲਾਇਆ,
ਮੈਂ ਹਰ ਵਾਰੀ ਉਹਨਾਂ ਖਾਤਰ ਲਹੂ ਵਹਾਇਆ।

ਮੈਂ ਜਦ ਰਣ ਵਿਚ ਫੱਟੜ, ਅਧਬੇਹੋਸ਼ੀ ਅੰਦਰ ਹੂੰਗਾਂ ਮਾਰਾਂ
ਨਾਹਰੇ ਬਾਜ਼ ਆਪਣੇ ਮਹਿਲੀਂ
ਮੇਰੀ ਧੀ ਦੇ ਅਧਨੰਗੇ, ਨਚਦੇ ਅੰਗਾਂ ਦੀ ਥਰਕਨ ਉੱਤੇ
ਨਸ਼ੇ 'ਚ ਡੁੱਬੀਆਂ ਕਾਮੀ ਅੱਖਾਂ ਫੇਰਨ।

ਲਹੂ ਮੇਰੇ ਦਾ ਦਾਨ ਮੰਗਦਾ ਨਾਅਰਾ ਉਭਰੇ
ਕਦੇ ਧਰਮ ਦੇ ਖੂੰਜੇ ਵਿਚੋਂ,
ਕਦੇ ਕੌਮ ਦੀ ਝੋਲੀ ਵਿਚੋਂ,
ਨਸਲੀ ਸਾਏ ਨਾਲ ਲਿਬੜਿਆ।
ਰੰਗ, ਜਾਤ ਜਾਂ ਬੋਲੀ ਵਿਚੋਂ।
ਮੇਰੇ ਪੱਲੇ ਲਾਂਬੂ ਪਾਕੇ
ਸੋਨੇ ਦੇ ਮੋਰਾਂ ਦੀ ਪਿੱਠ ਤੇ ਬਣੇ ਤਖ਼ਤ ਤੇ ਡੇਰਾ ਲਾਉਂਦਾ,
ਫੇਰ ਮਿਰੇ ਤੇ ਹੁਕਮ ਚਲਾਉਂਦਾ।

ਰਣ ਖੇਤਰ ਵਿਚ ਦੂਜੇ ਪਾਸੇ ਲੜਦੇ ਜੋਧੇ
ਮੇਰੇ ਮਿੱਤਰਾਂ ਜਿਉਂ ਹੀ ਜਾਨਾਂ ਹੂਲਣ
ਦੋਵੇਂ ਸੈਨਾਪਤੀ ਆਪਣੇ ਝੰਡਿਆਂ ਵਲ ਤਲਵਾਰ ਉਠਾ ਕੇ,
ਆਪ ਹਿਫ਼ਾਜ਼ਤ ਭਰੀ ਪਨਾਹ ਚੋਂ
ਲੀਕ ਜਾਨ ਦੀ ਪਾਰ ਕਰਨ ਖਾਤਰ ਸਾਨੂੰ ਲਲਕਾਰਨ

ਦੋਵੇਂ ਪਾਸੇ ਸਾਡੀ ਰੱਤ ਮੁੱਕਣ ਤੋਂ ਪਿਛੋਂ
ਮਹਿਕੇ ਦਰਬਾਰਾਂ ਦੀ ਸ਼ਾਨ 'ਚ ਬਹਿ ਕੇ
ਮੋਮਨ, ਪੰਡਿਤ ਜਾਮ ਵਟਾਂਦੇ,
ਅਜ਼ਲੀ ਮਿਤਰਤਾ ਦੀਆਂ ਸੌਹਾਂ ਖਾਂਦੇ,
ਇਕ ਦੂਜੇ ਨੂੰ ਸੀਨੇ ਲਾਂਦੇ।

ਦੋਵੇਂ ਸਾਡੇ ਕੋਲੋਂ ਕਰ ਉਗਰਾਂਹਦੇ
ਮੂਰਖ ਦੋਹਾਂ ਦੀ ਕਰੂਪ ਝੋਲੀ ਵਿਚ ਮੋਹਰਾਂ ਪਾਂਦੇ।

ਸਾਡੇ ਡੂੰਘੇ ਜ਼ਖਮ ਜਦੋਂ ਅੰਗੂਰੇ ਜਾਂਦੇ,
ਝੱਲੇ ਆਪਣੇ ਬਾਗ਼ਾਂ ਦੇ ਤਮਗੇ ਲਟਕਾਂਦੇ।

ਮਾਇਆ, ਮਿਲਖ, ਰੂਪ ਜੈ ਜੈ ਦੇ ਲੋਭੀ,
ਨਵੇਂ ਬਹਾਨੇ ਨਾਅਰਾ ਲਾਂਦੇ।
ਕੋਈ ਰਤਾ ਅਕਲ ਦੀ ਆਖੇ
ਉਸ ਤੇ ਧ੍ਰੋਹੀ ਕਾਫ਼ਿਰ ਦੀ ਪਰਚੀ ਚਿਪਕਾਂਦੇ;
ਅਗਲੇ ਰਣ ਲਈ ਚਾਲੇ ਪਾਂਦੇ।

ਬੇ ਲੱਜ਼ਾ ਕਤਲਾਮ ਅਤੇ ਝੂਠੇ ਨਾਅਰੇ ਦਾ ਚੱਕਰ
ਜੀਵਨ ਦੇ ਸਿਰ ਪਾ ਇਹ ਰਾਖ ਰਿਹਾ ਹੈ।

ਇਹ ਕੇਹੋ ਈਮਾਨ ਵਾਲਿਆਂ ਦੀ ਬਸਤੀ ਹੈ
ਹਰ ਕੋਈ ਦੂਜੇ ਨੂੰ ਕਾਫ਼ਿਰ ਆਖ ਰਿਹਾ ਹੈ।


**AMARJIT KAUR BHULLAR**
B.A.,LL.B.
BARRISTERAND SOLCICTOR
FOR IMMIGRATION AND
ALL OTHER PROBLEMS

- IMMIGRATION
- FAMILY
- CRIMINAL
- ACCIDENT
- PROPERTY DEALS
- ANY KIND OF LEGAL MATTER

**PHONE (604)321-6211**
**#203-190E.48th AVE. At Main St.**
**VANCOUVER,B.C.V5W 2C8**

**MONTROSE ESTATES**
**RICHMOND**

MUST BE **SOLD.**






½Diplex,living area on ground floor,3 bedrooms up,near oak st.bridge,in RICHMOND.



**THINKING OF SELLING ?**
Please call me for free evaluation
**GURMINDER DEOL**
277-2200
**DEOL REALTY**

*BUYING* *SELLING* *TRADING*

**INDUSTRIAL FARMS, COMMERCIAL,**

**AND**

**RESIDENTIAL PROPERTY**

**CONTACT**

# JAS MANGAT

**Res: 876-1629** **Bus: 324-1034**

**CATHAY PACIFIC REALTY LTD.**

5052 VICTORIA DRIVE, VANCOUVER, B.C.

# DIWALI GREETINGS

## ਦੀਵਾਲੀ ਸਪੈਸ਼ਲ ਸੇਲ

Corn Flour
ਕਾਰਨ ਫਲਾਰ
20 ਪੌਂਡ
**$5.99**

All Purpose Flour
ਆਲ-ਪਰਪਜ਼ ਫਲਾਰ
ਮੈਦਾ 10 ਕਿਲੋ
**$4.89**

Atta Golden Temple
10 kgs.
**$4.89**

Shona Saag
ਸ਼ੋਨਾ ਸਾਗ
**¢79** ea.

SUGAR
ਸ਼ੂਗਰ
**SPECIAL**

Vegetable Oil
ਵੈਜੀਟੇਬਲ ਆਈਲ
**$2.99** 3 ਲਿਟਰ

Long Grain Rice
**$13.99**
50 lbs. or 20 kg.

Basmati Rice
ਬਾਸਮਤੀ ਚੌਲ
**¢79** ਪਾਊਂਡ

ਦੀਵਾਲੀ ਲਈ ਮਠਿਆਈਆਂ — ਸਪੈਸ਼ਲ

DIWALI SWEETS SPECIAL

12 ਨਵੰਬਰ ਤੋਂ 25 ਨਵੰਬਰ

CHICKEN LEGS **$1.45** lb.

LEADER IN GROCERY

# AMBIKA

5125 VICTORIA DR.
VANCOUVER, B. C.
327-0295



ਕੇਵਲ ਸਿੰਘ ਪਾਬਲਾ

# ਦੀਵਾਲੀ ਮੁਬਾਰਕ



ਜਗਮੋਹਣ ਸਿੰਘ ਪਾਬਲਾ

ਮਠਿਆਈ ਦੀ ਸੱਭ ਤੋਂ ਵੱਡੀ ਦੁਕਾਨ

ਸੰਵਾਦੀ ਤੇ ਵਧੀਆ ਮਠਿਆਈ ਦਾ ਕਾਰਖਾਨਾ

# ਹਿਮਾਲਾ ਰੈਸਟੋਰੈਂਟ

**6595 MAIN ST. VANCOUVER.**

**324-6514** **327-1888**

ਮਠਿਆਈ ਲਈ ਕ੍ਰਿਸਮਸ ਦੀਆਂ ਤਿਆਰੀਆਂ ਅਰੰਭ

ਦੀਵਾਲੀ ਦੀ ਵਧਾਈ

ਹੁਣ ਤੋਂ ਹੀ ਮੂੰਹ ਦੇ ਸਵਾਦ ਬਣਾ ਲਓ




# HIMALAYA RESTAURANT